# ਸੱਪਾਂ ਦੀ ਦੁਨੀਆਂ

ਅਜਮੇਰ ਸਿੱਧੂ

ਸੱਪਾਂ ਨੂੰ ਪੰਜ ਪ੍ਰਜਾਤੀਆਂ ਵਿੱਚ ਵੰਡਿਆ ਗਿਆ ਹੈ। 1. ਕਰੋਟਾਲਿਡੀ/ਪਿੱਟ ਵਾਈਪਰ ਅਮਰੀਕਾ ਵਿੱਚ ਪਾਏ ਜਾਂਦੇ ਹਨ। 2. ਇਲੈਪਿਡੀ-ਕੋਬਰਾ, ਕੋਰਲ ਸੱਪ ਅਤੇ ਕਰੇਟ ਇਸ ਸ਼੍ਰੇਣੀ ਵਿੱਚ ਆਉਂਦੇ ਹਨ। 3. ਵਾਈਪਰਾਇਡੀ-ਯੂਰੋਪੀਅਨ ਅਤੇ ਏਸ਼ੀਅਨ ਵਾਈਪਰ ਨੂੰ ਇਸ ਸ਼੍ਰੇਣੀ ਵਿੱਚ ਗਿਣਿਆ ਜਾਂਦਾ ਹੈ। 4. ਹਾਈਡਰੋਫਿਆਡੀ-ਸਮੁੰਦਰੀ ਸੱਪਾਂ ਦੀ ਪ੍ਰਜਾਤੀ। 5. ਕੋਲੂਬਰਾਡੀ-ਉੱਡਣ ਵਾਲੇ ਸੱਪ।

ਇਨ੍ਹਾਂ ਪ੍ਰਜਾਤੀਆਂ ਦੀਆਂ ਲਗਭਗ 3000 ਕਿਸਮਾਂ ਸੰਸਾਰ ਵਿੱਚ ਪਾਈਆਂ ਜਾਂਦੀਆਂ ਹਨ। ਭਾਰਤ ਵਿੱਚ 216 ਜਾਤੀਆਂ ਹਨ। ਇਨ੍ਹਾਂ ਵਿੱਚ 15 ਪ੍ਰਤੀਸ਼ਤ ਸੱਪ ਜ਼ਹਿਰੀਲੇ ਹੁੰਦੇ ਹਨ। ਭਾਰਤ ਵਿੱਚ ਕਿੰਗ ਕੋਬਰਾ, ਕਰੇਟ ....... ਵਾਈਪਰ, ਗਰੀਨ ਪਿਟ ਵਾਈਪਰ ਕਿਸਮਾਂ ਵਧੇਰੇ ਮਿਲਦੀਆਂ ਹਨ। ਪਿਟ ਵਾਈਪਰ ਜ਼ਿਆਦਾ ਡਸਦੇ ਹਨ। ਸੰਸਾਰ ਵਿੱਚ ਸੱਪਾਂ ਦੀਆਂ ਦਰਜਨਾਂ ਨਸਲਾਂ ਅਲੋਪ ਹੋ ਰਹੀਆਂ ਹਨ। ਸੱਭ ਤੋਂ ਵੱਧ ਖ਼ਤਰਾ ਇੰਡੀਗੋ ਨਸਲ ਨੂੰ ਹੈ। ਇਸ ਦੇ ਬਾਵਜੂਦ ਵੀ ਜ਼ਹਿਰੀਲੇ ਸੱਪ ਅਤੇ ਜ਼ਹਿਰ ਰਹਿਤ ਸੱਪ ਧਰਤੀ ‘ਤੇ ਮਿਲਦੇ ਹਨ। ਇਨ੍ਹਾਂ ਵਿਚਕਾਰ ਅੰਤਰ ਇਸ ਪ੍ਰਕਾਰ ਹੈ।

| | **ਜ਼ਹਿਰੀਲਾ ਸੱਪ** | **ਜ਼ਹਿਰ ਰਹਿਤ ਸੱਪ** |
|---|---|---|
| 1. ਦੰਦ: | ਇਨ੍ਹਾਂ ਦੇ ਦੰਦ ਲੰਬੇ ਹੁੰਦੇ ਹਨ। | ਛੋਟੇ ਦੰਦਾਂ ਵਾਲੇ ਸੱਪ ਘੱਟ ਜ਼ਹਿਰੀਲੇ ਜਾਂ ਜ਼ਹਿਰ ਰਹਿਤ ਹੁੰਦੇ ਹਨ। |
| 2. ਧਾਰੀਆਂ: | ਇਨ੍ਹਾਂ ਸੱਪਾਂ ਦੇ ਸਰੀਰ ਉੱਪਰ ਲੰਮੀਆਂ-ਲੰਮੀਆਂ ਧਾਰੀਆਂ ਹੁੰਦੀਆਂ ਹਨ। | ਇਨਾਂ ਸੱਪਾਂ ਦੇ ਸਰੀਰ ਦੇ ਕੁੱਝ ਹਿੱਸੇ ‘ਤੇ ਛੋਟੀਆਂ-2 ਧਾਰੀਆਂ ਹੁੰਦੀਆਂ ਹਨ। |
| 3. ਆਦਤਾਂ: | ਇਹ ਸੱਪ ਰਾਤ ਸਮੇਂ ਖੁੱਡਾਂ ਵਿੱਚੋਂ ਨਿਕਲਦੇ ਹਨ। | ਇਹ ਸੱਪ ਰਾਤ ਅਤੇ ਦਿਨ ਸਮੇਂ ਘੁੰਮਦੇ ਫ਼ਿਰਦੇ ਹਨ। |
| 4. ਡੰਗ: | ਡੰਗ ਵਾਲੀ ਥਾਂ ਤੇ ਦੋ ਦੰਦਾਂ ਦੇ ਨਿਸ਼ਾਨ ਹੁੰਦੇ ਹਨ। | ਛੋਟੇ-ਛੋਟੇ ਕਈ ਦੰਦਾਂ ਦੇ ਨਿਸ਼ਾਨ ਹੁੰਦੇ ਹਨ। |

ਸੱਪਾਂ ਦੀਆਂ ਦੋ ਜਾਤੀਆਂ ਰੈਟੀਕੁਲੇਟਿਡ ਅਜਗਰ ਅਤੇ ਗਰੀਨ ਐਨਾਕੋਂਡਾ ਆਕਾਰ ਵਿੱਚ ਵੱਡੇ ਹੁੰਦੇ ਹਨ। ਇਹ ਨੌਂ ਮੀਟਰ ਤੱਕ ਲੰਬੇ ਹੋ ਸਕਦੇ ਹਨ। ਇਹ ਕ੍ਰਮਵਾਰ ਏਸ਼ੀਆ ਤੇ ਦੱਖਣੀ ਅਮਰੀਕਾ ਵਿੱਚ ਰਹਿੰਦੇ ਹਨ। ਬਲਾਇੰਡ ਸਨੇਕ ਤੇ ਥਰੈਡ ਸਨੇਕ ਛੋਟੇ ਆਕਾਰ ਦੇ ਸੱਪ ਹਨ। ਇਹ ਦਸ ਸੈਂਟੀਮੀਟਰ ਲੰਬੇ ਹੁੰਦੇ ਹਨ। ਇਹ ਆਮ ਗੰਡੋਏ ਤੋਂ ਵੀ ਛੋਟੇ ਹੁੰਦੇ ਹਨ। ਸੱਪਾਂ ਦੀ ਖੁਰਾਕ ਕੀੜੀਆਂ, ਡੱਡੂ, ਚੂਹੇ, ਮੱਛੀਆਂ, ਘੋਗੇ ਆਦਿ ਹੁੰਦੇ ਹਨ। ਸਾਰੇ ਸੱਪ ਮਾਸਾਹਾਰੀ ਹੁੰਦੇ ਹਨ। ਕਈ ਜਾਨਵਰ ਸੱਪ ਨੂੰ ਖਾ ਲੈਂਦੇ ਹਨ। ਇਨ੍ਹਾਂ ਵਿੱਚ ਬੁਲ ਫਰੋਗ, ਸਨੈਪਿੰਗ ਟਰਟਲ, ਉਪੋਸਮ, ਬੈਜਰ, ਸਨੰਕ (ਅਮਰੀਕਾ ਦਾ ਇੱਕ ਛੋਟਾ ਮਾਸਾਹਾਰੀ ਰਿੱਛ, ਚਾਰ ਪੈਰਾਂ ਵਾਲਾ ਜਾਨਵਰ), ਲੂੰਮੜੀ, ਕੋਊਟਸ, ਸੂਰ, ਇੱਲ, ਬਾਜ, ਉੱਲੂ ਅਤੇ ਹੋਰ ਵੀ ਬਹੁਤ ਸਾਰੇ ਪੰਛੀ ਅਤੇ ਜਾਨਵਰ ਆਉਂਦੇ ਹਨ। ਸੱਪ ਆਪਣੇ ਦੁਸ਼ਮਣਾਂ ਨੂੰ ਫਨ ਫੈਲਾ ਕੇ ਅਤੇ ਫੁੰਕਾਰੇ ਮਾਰ ਕੇ ਡਰਾਉਂਦੇ ਹਨ। ਕਈ ਸੱਪ ਗੰਦੀ ਬੂ ਛੱਡ ਕੇ ਵੈਰੀ ਨੂੰ ਭਜਾਉਂਦੇ ਹਨ।

ਸੱਪਾਂ ਦੇ ਕੰਨ ਨਹੀਂ ਹੁੰਦੇ। ਨਾ ਹੀ ਮੋਰੀਆਂ ਤੇ ਪਰਦਾ ਹੁੰਦਾ ਹੈ। ਅਵਾਜ਼ ਸੁਣਨ ਲਈ ਸੱਪ ਦੇ ਪੇਟ ਹੇਠਾਂ ਖਾਸ ਕਿਸਮ ਦੇ ਦੋ ਸੈੱਲ ਮਦਦ ਕਰਦੇ ਹਨ। ਧਰਤੀ ਤੋਂ ਪੈਦਾ ਹੋਈ ਕੰਬ-ਕੰਬਾਹਟ ਜਾਂ ਤਰੰਗਾਂ ਤੋਂ ਸੱਪ ਨੂੰ ਅਵਾਜ਼ ਦਾ ਪਤਾ ਲੱਗਦਾ ਹੈ। ਸੱਪ ਆਪਣੀ ਜੀਭ ਨੂੰ ਬਾਹਰ ਕੱਢ ਕੇ ਹਵਾ ਵਿਚੋਂ ਜੀਵ ਜਾਂ ਪਦਾਰਥ ਦਾ ਪਤਾ ਲਗਾਉਂਦਾ ਹੈ। ਸ਼ਿਕਾਰ ਦੀ ਗਰਮੀ ਘੋਖਣ ਲਈ ਸੱਪਾਂ ਦੇ ਸਿਰਾਂ ਵਿੱਚ ਟੋਏ ਹੁੰਦੇ ਹਨ। ਰੈਟਲ, ਕੌਪਰ ਹੈੱਡ ਅਤੇ ਪਿੱਟ ਵਾਈਪਰ ਦੀਆਂ ਅੱਖਾਂ ਦੇ ਅਗਾਂਹ ਟੋਏ ਹੁੰਦੇ ਹਨ। ਅਜਗਰ ਅਤੇ ਬੋਆ ਦੇ ਬੁੱਲ੍ਹਾਂ ‘ਤੇ ਇਹ ਟੋਏ ਹੁੰਦੇ ਹਨ। ਇਹਨਾਂ ਦੀ ਮੱਦਦ ਨਾਲ ਹੀ ਸੱਪ ਸ਼ਿਕਾਰ ਨੂੰ ਫ਼ੜਦਾ ਹੈ। ਸੱਪ ਜਦੋਂ ਵੱਡਾ ਹੋ ਜਾਂਦਾ ਹੈ ਤਾਂ ਉਹ ਕੰਜ ਉਤਾਰ ਦਿੰਦਾ ਹੈ।

ਬਹੁਤ ਸੱਪ ਅੰਡੇ ਦੇ ਕੇ ਚਲੇ ਜਾਂਦੇ ਹਨ। ਪਰ ਗਰੀਨ ਟ੍ਰੀ ਅਤੇ ਅਜਗਰ, ਬੱਚੇ ਨਿਕਲਣ ਤੱਕ ਅੰਡਿਆਂ ਕੋਲ ਬੈਠੇ ਰਹਿੰਦੇ ਹਨ। ਮਾਦਾ, ਅੰਡਿਆਂ ਦੇ ਦੁਆਲੇ ਕੁੰਡਲ ਮਾਰ ਕੇ ਬੈਠੀ ਕੰਬਦੀ ਰਹਿੰਦੀ ਹੈ। ਇਸ ਨਾਲ ਸਰੀਰ ਵਿੱਚ ਗਰਮੀ ਪੈਦਾ ਹੁੰਦੀ ਹੈ ਜਿਸ ਨਾਲ ਅੰਡਿਆਂ ਨੂੰ ਵੀ ਗਰਮੀ ਮਿਲਦੀ

ਰਹਿੰਦੀ ਹੈ। ਬੱਚੇ ਨਿਕਲਣ ਤੋਂ ਪਿਛੋਂ ਮਾਦਾ ਸੱਪ ਨਾ ਉਨ੍ਹਾਂ ਨੂੰ ਖੁਆਂਦੀ ਹੈ ਤੇ ਨਾ ਵੈਰੀਆਂ ਤੋਂ ਰੱਖਿਆ ਕਰਦੀ ਹੈ। ਸੱਪ ਦੇ ਬੱਚੇ ਆਪਣੀ ਸੰਭਾਲ ਆਪ ਹੀ ਕਰਦੇ ਹਨ। ਸਮੁੰਦਰੀ ਸੱਪ ਇੱਕ ਜਾਂ ਦੋ ਅੰਡੇ ਦਿੰਦੇ ਹਨ। ਈਸਟਰਨ ਹੋਗਨੋਜ ਸੱਪ ਇਕ ਵਾਰੀ ਵਿੱਚ ਸੱਠ ਤੱਕ ਅੰਡਾ ਦਿੰਦਾ ਹੈ। ਗਾਰਟਰ ਸਨੇਕ 80 ਤੋਂ ਵੱਧ ਬੱਚੇ ਦਿੰਦਾ ਹੈ। ਇਹ ਸਮੁੰਦਰੀ ਸੱਪਾਂ ਵਾਂਗ ਅੰਡੇ ਨਹੀਂ ਬੱਚੇ ਦਿੰਦੇ ਹਨ।

ਸੱਪ ਠੰਡੇ ਯੱਖ ਖੂਨ ਵਾਲੇ ਹੁੰਦੇ ਹਨ। ਸੱਪ ਸਰਦੀਆਂ ਵਿੱਚ ਆਪਣੇ ਖੂਨ ਨੂੰ ਜੰਮਣ ਤੋਂ ਬਚਾਉਣ ਲਈ ਧਰਤੀ ਦੀ ਤਹਿ ਹੇਠ ਚਲੇ ਜਾਂਦੇ ਹਨ ਅਤੇ ਕਈ ਚਟਾਨਾਂ ਦੀਆਂ ਝੀਥਾਂ ਵਿੱਚ ਜਾ ਲੁਕਦੇ ਹਨ। ਪਰੈਰੀ ਰੈਟਲ ਸੱਪ ਪਥਰੀਲੇ ਘੁਰਨਿਆਂ ਜਾਂ ਗ਼ੁਫਾਂਵਾਂ ਵਿੱਚ ਜਾ ਲੁਕਦੇ ਹਨ। ਇਨਾਂ ਘੁਰਨਿਆਂ ਵਿੱਚ ਸੱਪ ਹਜ਼ਾਰਾਂ ਦੀ ਗਿਣਤੀ ਵਿੱਚ ਨਿਸਲ ਹੋਏ ਪਏ ਰਹਿੰਦੇ ਹਨ ਅਤੇ ਉਸ ਸਮੇਂ ਤੱਕ ਬਾਹਰ ਨਹੀਂ ਆਉਂਦੇ, ਜਦੋਂ ਤੱਕ ਮੌਸਮ ਨਿੱਘਾ ਨਾ ਹੋ ਜਾਵੇ।

## ਸੱਪਾਂ ਬਾਰੇ ਪਾਏ ਜਾਂਦੇ ਵਹਿਮ

ਅਦਿ-ਮਾਨਵ ਦੇ ਸਮੇਂ ਤੋਂ ਹੀ ਮਨੁੱਖ ਗਿਆਨ ਦੀ ਘਾਟ ਕਾਰਨ ਕਈ ਤਰ੍ਹਾਂ ਦੇ ਵਹਿਮਾਂ ਦਾ ਸ਼ਿਕਾਰ ਹੈ। ਸੱਪਾਂ ਬਾਰੇ ਭਾਰਤੀ ਲੋਕਾਂ ਵਿੱਚ ਜੋ ਵਹਿਮ ਪਾਏ ਜਾਂਦੇ ਹਨ, ਹੇਠ ਲਿਖੇ ਅਨੁਸਾਰ ਹਨ।

1. ਸੱਪ ਨੂੰ ਲੋਕ ਨਾਗ ਦੇਵਤਾ ਵਜੋਂ ਮੰਨਦੇ ਹਨ। ਉਸਦੀ ਪੂਜਾ ਕੀਤੀ ਜਾਂਦੀ ਹੈ। ਸੱਪ ਨੂੰ ਪੂਜਣ ਲਈ ਦੁੱਧ ਵਰਮੀਆਂ ਵਿੱਚ ਪਾਇਆ ਜਾਂਦਾ ਹੈ। ਸੱਪ ਧਰਤੀ ‘ਤੇ ਰੀਂਗਣ ਵਾਲਾ ਆਮ ਜੀਵ ਹੈ। ਧਾਰਮਿਕ ਮਿਥਾਂ ਨੇ ਹੀ ਇਸ ਨੂੰ ਦੇਵਤਾ ਬਣਾਇਆ ਹੈ। ਇਹ ਦੁੱਧ ਨਹੀਂ ਪੀਂਦਾ ਤੇ ਮਾਸਾਹਾਰੀ ਜਾਨਵਰ ਹੈ।

2. ਸ਼ੇਸ਼ਨਾਗ (ਸੱਤ ਫੱਨਾਂ ਵਾਲਾ), ਇੱਛਾਧਾਰੀ ਨਾਗ ਜਾਂ ਨਾਗਿਨ, ਅਤੇ ਮਣੀ ਵਾਲੇ ਸੱਪ ਆਦਿ ਵਾਰੇ ਕਈ ਕਥਾਵਾਂ ਪ੍ਰਚਲਿਤ ਹਨ। ਇਹ ਇਨਸਾਨ ਦੀ ਕਲਪਨਾ ਮਾਤਰ ਹੈ। ਵਿਗਿਆਨੀਆਂ ਅਨੁਸਾਰ ਅਜਿਹੇ ਸੱਪ ਨਹੀਂ ਹੁੰਦੇ।

3. ਸੱਪ ਦਰੱਖ਼ਤ ਨੂੰ ਵੱਲ ਪਾ ਲੈਂਦਾ ਹੈ ਤੇ ਦਰਖ਼ਤ ਸੁੱਕ ਜਾਂਦਾ ਹੈ। ਇਹ ਵੀ ਗਲਤ ਧਾਰਨਾ ਹੈ। ਕਿਉਂ ਕਿ ਸੱਪ ਦੀ ਜ਼ਹਿਰ ਦਾ ਪੌਦਿਆਂ ‘ਤੇ ਕੋਈ ਅਸਰ ਨਹੀਂ ਹੁੰਦਾ।

4. ਘਾਹ ਚੁਗਦਿਆਂ ਜਾਂ ਛੱਪੜਾਂ, ਦਰਿਆਵਾਂ ਵਿੱਚ ਤੈਰਦੀਆਂ ਗ਼ਾਵਾਂ/ਮੱਝਾਂ ਦਾ ਦੁੱਧ ਸੱਪ ਚੁੰਘ ਲੈਂਦੇ ਹਨ। ਸੱਪ ਦੀ ਖੁਰਾਕ ਦੁੱਧ ਨਹੀਂ ਹੈ। ਇਹ ਮਾਸਾਹਾਰੀ ਜੀਵ ਹੈ।

5. ਫਿਲਮਾਂ ਵਿਚ ਦਿਖਾਇਆ ਜਾਂਦਾ ਹੈ ਕਿ ਇਕ ਸੱਪ ਬੁਹਤ ਸਾਰੇ ਬੰਦਿਆ ਨੂੰ ਡੰਗ ਲੈਂਦਾ ਹੈ। ਡਾਕਟਰੀ ਵਿਗਿਆਨ ਅਨੁਸਾਰ ਸੱਪ ਇਕ ਮੈਂਬਰ ਨੂੰ ਹੀ ਡੰਗ ਮਾਰ ਸਕਦਾ ਹੈ। ਕਿਉਂਕਿ ਇਕ ਵਾਰੀ ਡੰਗ ਮਾਰਨ ਤੇ ਜ਼ਹਿਰ ਦੀ ਥੈਲੀ ਖਾਲੀ ਹੋ ਜਾਂਦੀ ਹੈ। ਮੁੜ 40-45 ਦਿਨਾਂ ਦੇ ਸਮੇਂ ਤੋਂ ਬਾਅਦ ਇਹ ਥੈਲੀ ਵਿਕਸਿਤ ਹੁੰਦੀ ਹੈ।

6. ਸੱਪ ਲੜ ਜਾਣ ਤੇ ਇਲਾਜ ਵਜੋਂ ਝਾੜਾ (ਹਥੌਲਾ) ਕਰਵਾਇਆ ਜਾਂਦਾ ਹੈ। ਝਾੜਾ ਕਰਵਾਉਣ ਦੇ ਨਾਲ ਜ਼ਹਿਰੀਲੇ ਸੱਪ ਦੇ ਡੰਗ ਤੋਂ ਬਚਿਆ ਨਹੀਂ ਜਾ ਸਕਦਾ। ਜ਼ਹਿਰੀਲੇ ਸੱਪ ਘੱਟ ਗਿਣਤੀ ਵਿੱਚ ਹਨ। ਇਸ ਕਰਕੇ ਝਾੜਾ ਕਰਨ ਨਾਲ ਬੰਦੇ ਬੱਚ ਜਾਂਦੇ ਹਨ। ਉਸ ਹਾਲਤ ਵਿੱਚ ਝਾੜਾ ਨਾ ਵੀ ਕਰਵਾਓ ਰੋਗੀ ਬੱਚ ਜਾਵੇਗਾ। ਨਵਾਂਸ਼ਹਿਰ ਜ਼ਿਲ੍ਹੇ ਦਾ ਇੱਕ ਪਿੰਡ ਜੱਬੋਵਾਲ ਹੈ। ਇਸ ਪਿੰਡ ਸੱਪਾਂ ਦੇ ਡੰਗਿਆਂ ਦਾ ਝਾੜਾ ਕੀਤਾ ਜਾਂਦਾ ਹੈ। ਇਸ ਪਿੰਡ ਬਾਰੇ ਮਿੱਥ ਹੈ ਕਿ ਜਿਹੜਾ ਇਸ ਪਿੰਡ ਦੇ ਵਸੀਮੇ ਅੰਦਰ ਵੱੜ ਗਿਆ, ਉਹ ਮਰ ਨਹੀਂ ਸਕਦਾ। ਪਰ ਬਹੁਤ ਸਾਰੇ ਬੰਦੇ ਸੱਪਾਂ ਦੇ ਡੰਗੇ ਹੋਏ ਮਰੇ ਹਨ। ਜ਼ਹਿਰ ਰਹਿਤ ਸੱਪਾਂ ਦੇ ਡੰਗੇ ਹੋਏ ਬਚ ਜਾਂਦੇ ਹਨ। ਸਰਕਾਰੀ ਅੰਕੜਿਆਂ ਅਨੁਸਾਰ 50 ਪ੍ਰਤੀਸ਼ਤ ਲੋਕ ਸੱਪ ਦੀ ਦਹਿਸ਼ਤ ਨਾਲ ਹੀ ਮਰ ਜਾਂਦੇ ਹਨ।

---

# ਬਲੀ ਪਰੰਪਰਾ

ਅਜਮੇਰ ਸਿੱਧੂ

ਬਲੀ ਦੀ ਰੀਤ ਯੂਨਾਨੀ, ਰੋਮਨ, ਯਹੂਦੀ, ਮੁਸਲਿਮ, ਹਿੰਦੂ, ਈਸਾਈ ਸਾਰੇ ਸਮਾਜਾਂ ਵਿੱਚ ਰਹੀ ਹੈ। ਪਰ ਇਸਦਾ ਰੂਪ ਤੇ ਢੰਗ ਬਦਲਦਾ ਰਿਹਾ ਹੈ। ਫੇਰ ਵੀ ਬੁਨਿਆਦੀ ਨੁਕਤੇ ਇੰਝ ਹਨ :-

1. ਬਲੀ ਦੀ ਰਸਮ ਦੁਆਰਾ ਬਲੀ ਦੇਣ ਵਾਲੇ ਕਿਸੇ ਦੈਵੀ ਸ਼ਕਤੀ ਨਾਲ ਸਬੰਧ ਸਥਾਪਿਤ ਕਰਦੇ ਹਨ।

2. ਬਲੀ ਦੈਵੀ ਸ਼ਕਤੀ ਨੂੰ ਦਿੱਤਾ ਹਿੱਸਾ ਹੈ।

3. ਬਲੀ ਜਾਦੂ-ਚਿੰਤਨ ਦੀ ਦੇਣ ਹੈ। ਜਦੋਂ ਇਹ ਸਮਝਿਆ ਜਾਂਦਾ ਸੀ ਕਿ ਦੈਵੀ ਸ਼ਕਤੀ ਨੂੰ ਨਿਸ਼ਚਿਤ ਚੀਜ਼ ਦੇ ਕੇ ਨਿਸ਼ਚਿਤ ਕੰਮ ਕਰਨ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ।

4. ਬਲੀ ਗੁਣਾਂ ਦੇ ਰੂਪਾਂਤਰਨ ਸਿਧਾਂਤ ਅਨੁਸਾਰ ਚਲਦੀ ਹੈ।

ੳ) ਬਲਸ਼ਾਲੀ ਵਿਅਕਤੀ ਨੂੰ ਬਲੀ ਦੇ ਕੇ ਖਾਣ ਵਾਲੇ ਕਮਜ਼ੋਰ ਵੀ ਬਲਸ਼ਾਲੀ ਬਣ ਜਾਣਗੇ।(ਆਦਮਖੋਰੀ)

ਅ) ਧਰਤੀ, ਦਰਖ਼ਤ (ਬਨਸਪਤੀ), ਔਰਤ ਦੇ ਗੁਣ ਅਦਲੇ-ਬਦਲੇ ਜਾ ਸਕਦੇ ਹਨ। ਜਿਵੇਂ :
ਦਰੱਖਤ ਸੁੱਕ ਗਿਆ, ਕੁੱਖ ਹਰੀ ਹੋ ਗਈ।
ਕਿਸੇ ਦਾ ਬੱਚਾ ਮਾਰ ਦਿੱਤਾ, ਖ਼ੁੱਦ ਦੀ ਕੁੱਖ ਹਰੀ ਹੋ ਗਈ।

## ਭਾਰਤੀ ਬਲੀ ਦੀ ਪ੍ਰੰਪਰਾ

ਧਰਮ ਹਾਲਤਾਂ ਦੀ ਪੈਦਾਵਾਰ ਹੈ। ਧਰਮ ਨੇ ਮਨੁੱਖੀ ਜੀਵਨ ਦੇ ਉੱਚੇ ਆਦਰਸ਼ਾਂ, ਸੱਚੇ-ਸੁੱਚੇ ਆਚਰਨ ਵਿੱਚ ਢਾਲਣ, ਬਿਨਾਂ ਕਿਸੇ ਭੇਦ ਭਾਵ ਤੋਂ ਮਨੁੱਖਤਾ ਦਾ ਹਾਣੀ ਬਣਾਉਣ ਦੇ ਸੰਕਲਪ ਨੇ ਹੀ ਮਨੁੱਖ ਨੂੰ ਆਪਣੇ ਵੱਲ ਖਿੱਚਿਆ ਸੀ। ਪਰ ਇਹ ਗੱਲਾਂ ਪਰਿਭਾਸ਼ਾ ਤੱਕ ਹੀ ਸੀਮਤ ਹਨ। ਸਦੀਆਂ ਤੋਂ ਇਸ ਦੇ ਉਲਟ ਹੀ ਹੁੰਦਾ ਆਇਆ ਹੈ। ਇਤਿਹਾਸ ਦੇ ਪੰਨਿਆਂ 'ਤੇ ਝਾਤੀ ਮਾਰਿਆਂ ਪਤਾ ਲੱਗਦਾ ਹੈ ਕਿ ਜਿੰਨਾ ਮਨੁੱਖਤਾ ਦਾ ਖ਼ੂਨ ਧਰਮ ਦੇ ਨਾਮ ਤੇ ਵਹਿਆ ਹੈ ਸ਼ਾਇਦ ਹੀ ਕਿਸੇ ਹੋਰ ਕਾਰਨਾਂ ਕਰਕੇ ਵੱਗਿਆ ਹੋਵੇ। ਵਿਦਵਾਨਾਂ ਦਾ ਮੱਤ ਹੈ ਕਿ ਧਰਮ ਰਾਜਨੀਤਕਾਂ ਦੀ ਪੈਦਾਵਾਰ ਹੈ। ਇਸੇ ਕਰਕੇ ਰਾਜਨੀਤਕਾਂ ਨੇ ਧਰਮ ਨੂੰ ਰਾਜਨੀਤੀ ਤੋਂ ਅਲੱਗ ਨਹੀਂ ਹੋਣ ਦਿੱਤਾ ਸਗੋਂ ਇਸ ਦੀ ਦੁਰਵਰਤੋਂ ਕਰ ਰਹੇ ਹਨ। ਹਰ ਰੋਜ਼ ਸੁਣਦੇ ਹਾਂ ਕਿ ਭਾਰਤ ਦੀ ਸੰਸਕ੍ਰਿਤੀ ਬੜੀ ਮਹਾਨ ਹੈ। ਇਸ ਸੰਸਕ੍ਰਿਤੀ ਦੀ ਬੁਨਿਆਦ ਵੇਦ, ਪੁਰਾਣ, ਉਪਨਿਸ਼ਦ, ਸਿਮਰਤੀਆਂ, ਸ਼ਾਸ਼ਤਰ ਅਤੇ ਗ੍ਰੰਥ ਹਨ। ਧਰਮ ਅਤੇ ਲੋਕਾਂ ਲਈ ਚਾਨਣ ਮੁਨਾਰਾ ਅਤੇ ਪਥ-ਪ੍ਰਦਰਸ਼ਕ ਸਮਝੇ ਜਾਂਦੇ ਇਨ੍ਹਾਂ ਧਾਰਮਿਕ ਗ੍ਰੰਥਾਂ ਨੇ ਗਿਆਨ ਦੀ ਥਾਂ ਅਗਿਆਨਤਾ, ਮਨੁੱਖੀ ਪਿਆਰ ਦੀ ਥਾਂ ਨਫ਼ਰਤ, ਬੰਦੇ ਨੂੰ ਬੰਦਾ ਨਾ ਸਮਝਣਾ, ਜਾਤੀ ਵਿਤਕਰਾ ਅਤੇ ਲਿੰਗ ਵਿਤਕਰਾ ਅਦਿ ਲੋਕਾਂ ਦੀ ਝੋਲੀ ਪਾਇਆ ਹੈ। ਧਰਮ ਬੰਦੇ ਨੂੰ ਪੱਥਰਾਂ, ਮੂਰਤੀਆਂ, ਗ੍ਰੰਥਾਂ, ਪਿੱਪਲਾਂ, ਸੱਪਾਂ, ਗਾਵਾਂ, ਸੂਰਾਂ, ਹੋਰ ਜਾਨਵਰਾਂ ਅਤੇ ਦਰਖ਼ਤਾਂ ਨੂੰ ਪੂਜਣ ਦੀ ਆਗਿਆ ਦਿੰਦਾ ਹੈ ਪਰ ਦੂਜੇ ਧਰਮ ਦੇ ਮਨੁੱਖ ਦਾ ਸਿਰ ਵੱਢਣ ਨੂੰ ਮਿੰਟ ਨਹੀਂ ਲਾਉਣ ਦਿੰਦਾ। ਇੱਕ ਸਰਵੇਖਣ ਅਨੁਸਾਰ ਇਕੱਲੇ 1947 ਦੀ ਭਾਰਤ-ਪਾਕਿ ਵੰਡ ਦੌਰਾਨ 10 ਲੱਖ ਲੋਕ ਬੁਰੀ ਤਰ੍ਹਾਂ ਮਾਰੇ ਵੱਢੇ ਗਏ। ਔਰਤਾਂ ਦੀਆਂ ਇੱਜ਼ਤਾਂ ਨਾਲ ਖਿਲਵਾੜ ਕੀਤਾ ਗਿਆ। ਭਾਵੇਂ ਇਸ ਵੱਢ ਟੁੱਕ ਦੇ ਕਾਰਨ ਰਾਜਨੀਤਕ, ਧਾਰਮਿਕ, ਸੱਭਿਆਚਾਰਕ ਅਤੇ ਮੌਕਾ ਮੇਲ ਹੀ ਸਨ। ਪਰ ਮੁੱਖ ਕਾਰਨ ਧਰਮ ਦੀ ਕੱਟੜਤਾ ਦਾ ਸੀ। ਇਹੋ ਜਿਹੀਆਂ ਇਤਿਹਾਸ ਵਿੱਚ ਅਰਬਾਂ ਉਦਾਹਰਣਾਂ ਪਈਆਂ ਹਨ।

ਆਮ ਕਿਹਾ ਜਾਂਦਾ ਹੈ ਕਿ ਧਰਮ ਮਨੁੱਖ ਨੂੰ ਜੋੜਦਾ ਹੈ, ਤੋੜਦਾ ਨਹੀਂ। ਨਫ਼ਰਤ ਨਹੀ ਪਿਆਰ ਸਿਖਾਉਂਦਾ ਹੈ। ਪਰ ਅੱਜ ਤੱਕ ਹੋਇਆ ਇਸ ਦੇ ਉਲਟ ਹੀ ਹੈ। ਧਰਮ ਅਤੇ ਧਾਰਮਿਕ ਗ੍ਰੰਥ ਇਕੱਲੇ ਮਨੁੱਖ ਲਈ ਮੌਤ ਦਾ ਖੌਅ ਹੀ ਨਹੀਂ ਬਣੇ ਸਗੋਂ ਮਨੁੱਖੀ ਜੀਵਨ ਦੀਆਂ ਜੜ੍ਹਾਂ ਵਿੱਚ ਅਜਿਹਾ ਅੱਕ ਦਿੱਤਾ ਹੋਇਆ ਹੈ ਕਿ ਇਹ ਕਈ ਸਦੀਆਂ ਤੱਕ ਜ਼ਹਿਰ ਉਗਲਦਾ ਰਹੇਗਾ। ਇਸ ਦੀ ਉਦਾਹਰਣ ਮਨੂੰ ਸਿਮਰਤੀ ਵਿੱਚ ਹੈ। ਲਿਖਿਆ ਹੋਇਆ।

"ਸ਼ੂਦਰ ਨਾਲ ਗੁਲਾਮ ਵਾਲਾ ਸਲੂਕ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਨਾਂ ਵੀ ਘ੍ਰਿਣਾ ਪੈਦਾ ਕਰਨ ਵਾਲੇ ਹੋਣੇ ਚਾਹੀਦੇ ਹਨ। ਜਿਸ ਨਾਲ ਉਨ੍ਹਾਂ ਵਿੱਚ ਹੀਣ ਭਾਵਨਾ ਬਣੀ ਰਹੇ। ਜੇ ਕੋਈ ਸ਼ੂਦਰ ਬ੍ਰਾਹਮਣ ਨਾਲ ਵਿਭਚਾਰ ਕਰੇ ਤਾਂ ਉਹਨੂੰ ਮੌਤ ਦਾ ਦੰਡ ਤੇ ਜੇ ਬ੍ਰਾਹਮਣ ਕਰੇ ਤਾਂ ਓਹਨੂੰ ਕੋਈ ਸਜ਼ਾ ਨਹੀਂ। ਜੇ ਸ਼ੂਦਰ ਬ੍ਰਾਹਮਣ ਨੂੰ ਭੈੜਾ ਬੋਲੇ ਤਾਂ ਉਹਦੀ ਜੀਭ ਕੱਟ ਦੇਣੀ ਚਾਹੀਦੀ ਹੈ। ਜ਼ਹਿਰੀ ਸੱਪ ਨਾਲੋਂ ਪਹਿਲਾਂ ਸ਼ੂਦਰ ਨੂੰ ਖਤਮ ਕਰ ਦੇਣਾ ਚਾਹੀਦਾ ਹੈ।"

ਅਜਿਹਾ ਭਾਰਤੀ ਫਲਸਫ਼ਾ ਮਨੁੱਖ ਵਿਰੋਧੀ ਹੈ। ਬਹੁਤ ਸਾਰੇ ਧਰਮ ਅਤੇ ਧਾਰਮਿਕ ਗ੍ਰੰਥਾਂ ਨੇ ਮਨੁੱਖ ਨੂੰ ਪਸ਼ੂਆਂ ਵਾਂਗ ਕੋਹਣ ਦਾ ਹੁਕਮ ਦਿੱਤਾ ਹੈ। ਆਪਣੇ ਕਲਪਿਤ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀਆਂ ਮੂਰਤੀਆਂ ਅੱਗੇ ਮਨੁੱਖ ਨੂੰ ਭੇਟ ਕੀਤਾ ਜਾਂਦਾ ਰਿਹਾ ਹੈ। ਆਪਣੇ ਕਲਪਿਤ ਦੇਵੀ ਦੇਵਤੇ ਦੀ ਖੁਸ਼ੀ ਲਈ ਮਨੁੱਖ ਉੱਤੇ ਜ਼ਬਰ ਜ਼ੁਲਮ ਕੀਤਾ ਜਾਂਦਾ ਹੈ ਅਤੇ ਬਲੀ ਦਿੱਤੀ ਜਾਂਦੀ ਹੈ। ਕਈ ਧਾਰਮਿਕ ਗ੍ਰੰਥਾਂ ਅਨੁਸਾਰ ਇਸ ਨੂੰ ਪਾਪ ਨਹੀਂ ਸਗੋਂ ਪੁੰਨ ਸਮਝਿਆ ਜਾਂਦਾ ਹੈ। ਭਾਰਤ ਵਿੱਚ ਬਲੀ ਪ੍ਰੰਪਰਾ ਅਖੌਤੀ ਉੱਚ ਕੁੱਲ ਵਾਲੇ ਲੋਕਾਂ ਅਤੇ 'ਪਵਿੱਤਰ ਗ੍ਰੰਥਾਂ' ਦੀ ਹੀ ਦੇਣ ਹੈ। ਅੱਜ ਵੀ ਇਹ ਬਲੀ ਪ੍ਰੰਪਰਾ ਭਾਰਤ ਵਿੱਚ ਪੂਰੇ ਜ਼ੋਰ ਅਤੇ ਮਾਣ ਨਾਲ ਚਲ ਰਹੀ ਹੈ। ਅੰਗਰੇਜ਼ਾਂ ਨੇ 1945 ਵਿੱਚ ਕਾਨੂੰਨੀ ਤੌਰ ਤੇ ਇਸ ਨੂੰ ਖ਼ਤਮ ਕਰ ਦਿੱਤਾ ਸੀ। ਪਰ ਕਈ ਜਥੇਬੰਦੀਆਂ ਅਤੇ ਪਾਰਟੀਆਂ ਅਜਿਹੀ ਸੰਸਕ੍ਰਿਤੀ ਦੀ ਮੁੜ ਬਹਾਲੀ ਲਈ ਭਾਰਤ ਦੇ ਧਾਰਮਿਕ ਅਤੇ ਰਾਜਨੀਤਿਕ ਨਕਸ਼ੇ 'ਤੇ ਭਾਰੂ ਹੋਈਆਂ ਹਨ।

ਅਦਿ-ਮਾਨਵ ਕਾਲ ਦੇ ਮੁਢਲੇ ਦੌਰ ਵਿੱਚ ਮਨੁੱਖ ਕੁਦਰਤੀ ਸ਼ਕਤੀਆਂ ਤੋਂ ਭੈਅ-ਭੀਤ ਸੀ। ਭੈਅ-ਭੀਤ ਹੋਇਆ ਹੀ ਭਿਆਨਕ ਸ਼ਕਤੀਆਂ ਦੀ ਪੂਜਾ ਕਰਦਾ ਸੀ। ਭਿਆਨਕ ਸ਼ਕਤੀਆਂ ਦੀ ਪੂਜਾ ਕਰਨ ਲਈ ਹੀ ਬਲੀ ਦਾ ਰਿਵਾਜ਼ ਚੱਲਿਆ ਸੀ। ਬਲੀ ਦੇਣ ਵੇਲੇ ਇਹ ਭਾਵਨਾ ਕੰਮ ਕਰਦੀ ਸੀ ਕਿ ਸ਼ਕਤੀ ਕ੍ਰੋਧਿਤ ਨਹੀਂ ਹੋਵੇਗੀ। ਸਗੋਂ ਉਸ 'ਤੇ ਰਹਿਮ ਕਰੇਗੀ। ਪਹਿਲਾਂ ਪਹਿਲ 'ਸ਼ਕਤੀ' ਨੂੰ ਖੁਸ਼ ਕਰਨ ਲਈ ਪਸ਼ੂਆਂ ਦੀ ਬਲੀ ਦਿੱਤੀ ਜਾਂਦੀ ਸੀ। ਜਦੋਂ ਮਨੁੱਖ ਕਬੀਲਿਆਂ ਵਿੱਚ ਰਹਿਣ ਲੱਗਾ, ਉਦੋਂ ਮਨੁੱਖੀ ਬਲੀ ਦੀ ਪ੍ਰੰਪਰਾ ਚੱਲੀ। ਕਬੀਲਾ ਯੁੱਗ ਵਿੱਚ ਜਿੱਤਿਆ ਹੋਇਆ ਕਬੀਲਾ ਹਾਰੇ ਹੋਏ ਕਬੀਲੇ ਦੇ ਕੁੱਝ ਵਿਅਕਤੀਆਂ ਦੀ ਬਲੀ ਦਿੰਦਾ ਸੀ। ਇਸ ਅਵਿਕਸਿਤ ਸਮਾਜ ਦੀ ਪ੍ਰੰਪਰਾ ਸੀ। ਪਰ ਇਹ ਸ਼ਰਮਨਾਕ ਅਤੇ ਦੁਖਦਾਈ ਵਰਤਾਰਾ ਵੈਦਿਕ ਕਾਲ ਵਿੱਚ ਵਧਿਆ ਫੁਲਿਆ। ਵੈਦਿਕ ਕਾਲ ਨੂੰ 'ਮਹਾਨ ਗ੍ਰੰਥਾਂ' ਦੀ ਰਚਨਾ ਕਰਨ ਵਾਲਾ ਅਤੇ ਭਾਰਤੀ ਸੱਭਿਅਤਾ ਦੇ ਵਿਕਾਸ ਦਾ ਯੁੱਗ ਕਿਹਾ ਜਾਂਦਾ ਹੈ। ਕੁੱਝ ਗ੍ਰੰਥਾਂ ਦੀ ਜ਼ੁਬਾਨੀ ਇਸ ਦੀ ਤਸਵੀਰ ਖਿੱਚਦੇ ਹਾਂ।

'ਅਥਰਵਵੇਦ' ਵਿੱਚ ਪੰਜ ਪ੍ਰਾਣੀਆਂ (ਗਾਂ, ਘੋੜਾ, ਬੱਕਰੀ, ਭੇਡ ਅਤੇ ਪੁਰਸ਼) ਦੀ ਬਲੀ ਨੂੰ ਉੱਤਮ ਮੰਨਿਆ ਗਿਆ ਹੈ। 'ਯੁਜਰਵੇਦ' ਦੇ ਤੀਸਰੇ ਅਧਿਆਇ ਅਨੁਸਾਰ ਇੱਕ ਯੁੱਗ ਵਿੱਚ 184 ਪੁਰਸ਼ਾਂ ਨੂੰ ਖੰਭਿਆਂ ਨਾਲ ਬੰਨ੍ਹ ਕੇ ਉਨ੍ਹਾਂ ਨੂੰ ਅੱਗ ਲਾ ਦਿੱਤੀ ਅਤੇ ਦੇਵਤਿਆਂ ਦੀ ਅਰਾਧਨਾ ਕੀਤੀ ਜਾਂਦੀ ਸੀ। ਭਾਰਤ ਦਾ ਅਖੌਤੀ ਵਿਦਵਾਨ ਮਨੂੰ ਲਿਖਦਾ ਹੈ -"ਯੱਗ ਵਿੱਚ ਕੀਤੀ ਗਈ ਹੱਤਿਆ, ਹੱਤਿਆ ਨਹੀਂ ਹੁੰਦੀ।ਉਹ ਕੁਰਬਾਨੀ ਹੈ। ਹਿੰਸਾ ਨਹੀਂ, ਅਹਿੰਸਾ ਹੈ।" ਇਹ ਮਨੂੰ ਦੀ ਬਦਮਾਸ਼ੀ ਤੇ ਮਕਾਰੀ ਭਰੀ ਚਾਲ ਸੀ ਕਿ ਉਹ ਹੱਤਿਆ ਨੂੰ ਕੁਰਬਾਨੀ ਜਾਂ ਪੁੰਨ ਕਹਿੰਦਾ ਹੈ। ਬ੍ਰਹਮ ਵੈਵਰਿਤ ਪੁਰਾਣ ਵਿੱਚ ਲਿਖਿਆ ਹੈ ਕਿ ਜਿਸ ਵਿਅਕਤੀ ਦੀ ਬਲੀ ਦੇਣੀ ਹੋਵੇ, ਉਸਦੀ ਖੂਬ ਸੇਵਾ ਕੀਤੀ ਜਾਵੇ। ਬਲੀ ਤੋਂ ਬਾਅਦ ਪੰਡਿਤ ਨੂੰ ਦਕਸ਼ਣਾ ਜ਼ਰੂਰ ਦਿੱਤੀ ਜਾਵੇ।

ਰਿਗਵੈਦਿਕ ਕਾਲ ਵਿੱਚ ਆਰੀਆ ਲੋਕ ਦੇਵੀ ਦੇਵਤਿਆਂ ਦੇ ਸ਼ਰਧਾਲੂ ਸਨ। ਉਹ ਦੇਵੀ ਦੇਵਤਿਆਂ ਦੀ ਖੁਸ਼ਾਮਦੀ ਲਈ ਯੱਗ ਕਰਦੇ ਸਨ। ਤੇ ਯੱਗ ਵਿੱਚ ਮਨੁੱਖ ਦੀ ਬਲੀ ਦਿੱਤੀ ਜਾਂਦੀ ਸੀ। 'ਯਜੁਰਵੇਦ' ਤੇ 'ਰਿਗਵੇਦ' ਵਿੱਚ ਅਜਿਹੇ ਯੱਗਾਂ ਦਾ ਅਤੇ ਬਲੀ ਦਾ ਵਰਨਣ ਆਉਂਦਾ ਹੈ। ਰਿਗਵੇਦ ਦੇ ਸਪਤਕ ਕੰਡਿਕਾ ਅਨੁਸਾਰ ਰਾਜਾ ਹਰੀਸ਼ ਚੰਦਰ ਨੇ ਆਪਣੇ ਪੁੱਤਰ ਦੀ ਖਾਤਰ ਅਜੀਗਰਤ ਰਿਸ਼ੀ ਦੇ ਪੁੱਤਰ ਦੀ ਬਲੀ ਦਿੱਤੀ ਸੀ। ਰਾਜਾ ਮੋਰਵਰਧਨ ਦੀ ਪੁਰਾਣ ਕਥਾ ਅਨੁਸਾਰ ਪੁੱਤਰ ਦੀ ਬਲੀ ਦਿੱਤੀ ਗਈ। ਵੈਸ਼ਨੋ ਦੇਵੀ ਦੇ ਜਗਰਾਤਿਆਂ ਵਿੱਚ ਰਾਣੀ ਤਾਰਾ ਦੀ ਕਥਾ ਸੁਣਾਈ ਜਾਂਦੀ ਹੈ। ਜਿਸ ਵਿੱਚ ਉਹ ਪੁੱਤਰ ਅਤੇ ਘੋੜੇ ਦੀ ਬਲੀ ਦਿੰਦੀ ਹੈ। ਜਗਰਾਤਿਆਂ ਵਿੱਚ ਧਿਆਨੂ ਭਗਤ ਦੇ ਸੀਸ ਭੇਟਾ ਦੀ ਕਥਾ ਸੁਣਾਈ ਜਾਂਦੀ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਉਪਰੋਕਤ ਕਥਾਵਾਂ ਵਿੱਚ ਬਲੀ ਦਿੱਤੇ ਜਾਣ ਵਾਲੇ ਜੀਵਾਂ ਨੂੰ 'ਸ਼ਕਤੀਮਾਨਾਂ' ਵਲੋਂ ਜਿਉਂਦੇ ਕਰ ਦਿੱਤਾ ਜਾਂਦਾ ਹੈ। ਇਹ ਕਥਾਵਾਂ ਲੋਕਾਂ ਵਿੱਚ ਇਹ ਭਰਮ ਪ੍ਰਚਲਿਤ ਕਰਦੀਆਂ ਹਨ ਕਿ ਬਲੀ ਦੇਣ ਤੋਂ ਬਾਅਦ 'ਦੇਵੀ-ਦੇਵਤੇ' ਜਿਉਂਦੇ ਕਰ ਦਿੰਦੇ ਹਨ। ਇਸੇ ਕਰਕੇ 'ਬਾਪੂ' ਕੁੰਭ ਦਾਸ (ਪਿੰਡ ਪਾਹਲੇਵਾਲ, ਜ਼ਿਲ੍ਹਾ ਹਸ਼ਿਆਰਪੁਰ ਦਾ ਅਖੌਤੀ ਸਾਧ) ਵਲੋਂ ਤਿੰਨ ਕਤਲ ਕਰਨ ਤੋਂ ਬਾਅਦ ਸ਼ਰਧਾਲੂ ਇਹੀ ਪ੍ਰਚਾਰ ਕਰਦੇ ਰਹੇ ਕਿ ਉਸਨੇ ਉਹਨਾਂ ਨੂੰ ਜਿਉਂਦੇ ਕਰ ਦੇਣਾ ਹੈ।

ਵਾਲਮੀਕੀ ਰਮਾਇਣ ਵਿੱਚ ਮਾਸ ਖਾਣ ਵਾਲੇ ਦੇਵਤਿਆਂ ਦਾ ਜ਼ਿਕਰ ਅਉਂਦਾ ਹੈ। ਕਿਸੇ ਮਾਸੂਮ ਨੂੰ ਗਊਆਂ ਦੇ ਕੇ ਖਰੀਦ ਲਿਆ ਜਾਂਦਾ ਅਤੇ ਬਲੀ ਦਿੱਤੀ ਜਾਂਦੀ। ਰਾਜਾ ਹਰੀਸ਼ ਚੰਦਰ ਨੇ 100 ਗਊਆਂ ਦੇ ਕੇ ਰਿਸ਼ੀ ਦਾ ਪੁੱਤਰ ਖਰੀਦਿਆ ਸੀ। ਕਾਲੀ ਮਾਤਾ ਅਤੇ ਚਮੁੰਡਾ ਦੇਵੀ ਨੂੰ ਵੀ ਬਲੀ ਦਿੱਤੀ ਜਾਂਦੀ ਹੈ। ਮਾਰਕੰਡੇ ਪੁਰਾਣ ਅਨੁਸਾਰ ਕਾਲਿਕਾ ਦੇਵੀ ਮਨੁੱਖ ਦੇ ਗਲੇ ਵਿੱਚ ਛੇਦ ਕਰਕੇ ਲਹੂ ਪੀਂਦੀ ਹੈ।

ਕਿੱਡੀ ਹਾਸੋ ਹੀਣੀ ਗੱਲ ਹੈ ਕਿ ਪੁੱਤਰ ਪ੍ਰਾਪਤ ਕਰਨ ਲਈ ਦੂਜੇ ਮਨੁੱਖ ਦੀ ਬਲੀ ਦਿੱਤੀ ਜਾਵੇ। ਸ਼ਿਵ ਪੁਰਾਣ ਦੇ ਅਭਿਆਸ 48 ਯੁੱਧ ਖੰਡ ਅਨੁਸਾਰ ਸ਼ਿਵਜੀ ਨੇ ਸ਼ੁੰਕਰਾ ਅਚਾਰਿਆ ਨਿਗਲ ਲਿਆ ਸੀ। ਅੱਜ ਵੀ ਬਨਾਰਸ ਜਾ ਕੇ ਲੋਕ ਸ਼ਿਵ ਜੀ 'ਮਹਾਰਾਜ' ਦੇ ਆਰੇ ਨਾਲ ਆਪਣੇ ਸਰੀਰ ਦੋਫਾੜ ਕਰਾਉਂਦੇ ਹਨ।

ਬਲੀ ਦੀ ਇਹ ਪਰੰਪਰਾ ਹਿੰਦੂਆਂ ਵਿੱਚ ਹੀ ਨਹੀ ਸਗੋਂ ਦੂਜੇ ਧਰਮਾਂ ਵਿੱਚ ਵੀ ਹੈ। ਮੁਸਲਮਾਨਾਂ ਵਿੱਚ ਭੇਡ, ਬੱਕਰਾ, ਊਠ, ਝੋਟਾ ਆਦਿ ਦੀ ਬਲੀ ਦੇ ਕੇ ਕਈ ਤਰ੍ਹਾਂ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਮੁਸਲਮਾਨਾਂ ਵਿੱਚ ਬਕਰੀਦ ਦਾ ਤਿਉਹਾਰ ਇਸ ਦੀ ਇੱਕ ਹੋਰ ਵੱਡੀ ਉਦਾਹਰਣ ਹੈ। ਮੁਸਲਮਾਨੀ ਸੱਭਿਅਤਾ ਵਿੱਚ ਮਨੁੱਖੀ ਬਲੀ ਜਿਹੀ ਘਿਨਾਉਣੀ ਰਸਮ ਨਹੀਂ ਹੁੰਦੀ। ਸਿੱਖ ਗੁਰੂਆਂ ਨੇ ਇਨ੍ਹਾਂ ਸਾਰੇ ਪਾਖੰਡਾ ਦਾ ਵਿਰੋਧ ਕੀਤਾ ਸੀ। ਪਰ ਸਿੱਖੀ ਵਿੱਚ ਜਿਹੜੀ ਭਾਵਨਾ ਅਤੇ ਵਿਚਾਰ 'ਤੇ ਜ਼ੋਰ ਦਿੱਤਾ ਗਿਆ ਸੀ, ਉਹਦੇ ਉਲਟ ਹੀ ਹੋ ਰਿਹਾ ਹੈ। ਸਿੱਖਾਂ ਵਿੱਚ ਵੀ ਇੱਕ ਬ੍ਰਾਹਮਣਵਾਦ ਦੀ ਸ਼੍ਰੇਣੀ ਉਭਰੀ ਹੋਈ ਹੈ। ਜਿਹੜੀ ਮਾਨਵ ਵਿਰੋਧੀ ਸ਼ਕਤੀਆਂ ਅਤੇ ਰਸਮਾਂ ਪ੍ਰਤੀ ਉਲਾਰ ਹੈ। ਭਾਰਤ ਵਿੱਚ ਪ੍ਰਚਲਿਤ ਸਤੀ ਪ੍ਰਥਾ ਵੀ ਇੱਕ ਤਰ੍ਹਾਂ ਬਲੀ ਦਾ ਹੀ ਰੂਪ ਸੀ। ਇਸ ਵਿੱਚ ਮਰਦ ਦੀ ਮੌਤ ਹੋ ਜਾਣ ਦੀ ਹਾਲਤ ਵਿੱਚ ਬ੍ਰਾਹਮਣਾਂ ਵਲੋਂ ਔਰਤ ਨੂੰ ਸਤੀ ਹੋਣ ਲਈ ਉਕਸਾਇਆ ਜਾਂਦਾ ਸੀ। ਉਹ ਅੱਗ ਵਿੱਚ ਛਾਲ ਮਾਰ ਕੇ ਆਪਣੇ ਆਪ ਨੂੰ ਖਤਮ ਕਰ ਲੈਂਦੀ ਸੀ। ਉਹਨੂੰ ਲਾਲਚ ਇਹ ਦਿੱਤਾ ਜਾਂਦਾ ਸੀ ਕਿ ਪਤੀ ਨਾਲ ਸਤੀ ਹੋਣ ਵਾਲੀ ਔਰਤ ਪਤੀ ਦੇ ਸਰੀਰ ਦੇ ਰੋਮਾਂ ਜਿੰਨੇ ਸਾਲ ਸਵਰਗ ਵਿੱਚ ਭੋਗਦੀ ਹੈ। (ਪਾਰਾਸ਼ਾਹ ਸਿਮਰਤੀ ਅਨੁਸਾਰ) ਮਨੁੱਖੀ ਸਰੀਰ ਦੇ ਤਿੰਨ ਸੋ ਪੰਜਾਹ ਲੱਖ ਦੇ ਨੇੜੇ ਸਰੀਰ ਦੇ ਰੋਮ ਮੰਨੇ ਜਾਂਦੇ ਹਨ।

ਸੱਭਿਅਤਾ ਦੇ ਵਿਕਾਸ ਤੋਂ ਪਹਿਲਾਂ ਤਾਂ ਮਨੁੱਖ ਕਲਪਿਤ ਦੇਵੀ-ਦੇਵਤਿਆਂ ਨੂੰ ਖੁਸ਼ ਕਰਨ ਲਈ ਬਲੀ ਦਿੰਦਾ ਸੀ। ਪਰ ਬਾਅਦ ਦਾ ਸਮਾਂ ਤਾਂ ਬ੍ਰਾਹਮਣਾਂ ਅਤੇ ਪ੍ਰੋਹਿਤ ਵਰਗ ਦਾ ਹੈ। ਉਨ੍ਹਾਂ ਆਪਣੇ ਨਿਜੀ ਸਵਾਰਥ ਲਈ ਭੋਲੀਆਂ ਭਾਲੀਆਂ ਅਤੇ ਮਾਸੂਮ ਜਿੰਦਾਂ ਦੇ ਕਤਲ ਕਰਵਾਏ। ਬਹੁਤ ਸਾਰੇ ਗ੍ਰੰਥਾਂ ਨੇ ਬ੍ਰਾਹਮਣਾਂ ਦੇ ਢਿੱਡ ਭਰਨ ਲਈ ਪ੍ਰਚਾਰ ਦਾ ਕੰਮ ਕੀਤਾ। ਅਜਿਹੇ ਪਵਿੱਤਰ 'ਸ਼ਾਸਤਰ' ਲਿਖਣ ਵਾਲਿਆਂ ਆਪਣੀ ਜਾਤ ਦੇ ਭੋਜਨ ਤੋਂ ਇਲਾਵਾ ਧਨ-ਦੌਲਤ ਅਤੇ ਸਤ੍ਹਾ 'ਤੇ ਕਬਜ਼ਾ ਬਣਾਈ ਰੱਖਣ ਲਈ ਰਾਹ ਪੱਧਰਾ ਕੀਤਾ। ਦੇਵੀ ਦੇਵਤਿਆਂ ਨਾਲੋਂ ਵੀ ਜ਼ਿਆਦਾ ਮਾਨਤਾ ਬ੍ਰਾਹਮਣਾਂ ਦੀ ਹੋਈ ਹੈ। ਬ੍ਰਾਹਮਣਾਂ ਨੇ ਮਨੁੱਖਾਂ ਵਿੱਚ ਵੰਡੀਆਂ ਪਾਈਆਂ, ਨਫ਼ਰਤਾਂ ਦੇ ਬੀਅ ਬੀਜੇ। ਆਪਣੀ ਇਜ਼ਾਰੇਦਾਰੀ ਅਤੇ ਪੁਸ਼ਤ ਦਰ ਪੁਸ਼ਤ ਮਾਇਆ ਇਕੱਠੀ ਕਰਨ ਲਈ ਭ੍ਰਿਸ਼ਟਾਚਾਰ ਅਤੇ ਦੇਵੀ ਦੇਵਤਿਆਂ ਦੇ ਨਾਂ 'ਤੇ ਠੱਗੀ ਮਾਰਨ ਲਈ ਹੀ ਸਮਾਜ ਵਿਰੋਧੀ ਕਾਰਨਾਮੇ ਕੀਤੇ। ਇਹ ਵਿਹਲੜ ਅਖੌਤੀ ਉੱਚ ਕੁੱਲ, ਜਾਤੀ ਵਿਤਕਰਿਆਂ ਕਾਰਨ ਸਦੀਆਂ ਤੋਂ ਭਾਰਤ ਦੀ ਆਗੂ ਬਣੀ ਹੋਈ ਹੈ। ਬਨਾਰਸ ਜਾ ਕੇ ਸ਼ਿਵ ਜੀ ਦੇ ਆਰੇ ਹੇਠ ਦੋਫ਼ਾੜ ਹੋਣ ਵਾਲੇ ਸੱਜਣ ਆਪਣੀ ਸੰਪਤੀ ਬ੍ਰਾਹਮਣਾਂ ਨੂੰ ਦਾਨ ਕਰਕੇ ਜਾਂਦੇ ਹਨ। ਰਾਣੀਆਂ ਮਹਾਰਾਣੀਆਂ ਸਤੀ ਹੋਣ ਵੇਲੇ ਹੀਰੇ ਜਵਾਹਰਾਤ ਬ੍ਰਾਹਮਣਾਂ ਨੂੰ ਦਾਨ ਦੇ ਕੇ ਜਾਂਦੀਆਂ ਸਨ। ਇਹ ਕਾਰਨ ਸਨ ਜਿਹੜੇ ਬਲੀ ਵਰਗੇ ਘਿਨਾਉਣੇ ਕਾਰਨਾਮਿਆਂ ਨੂੰ ਉਤਸ਼ਾਹਿਤ ਕਰਦੇ ਸਨ ਅਤੇ ਇਸ ਨੂੰ ਉੱਚਤਮ ਤੇ ਪੱਵਿਤਰਤਾ ਦਾ ਨਾਂ ਦਿੰਦੇ ਸਨ। ਜੇ ਬਲੀ ਇੰਨੀ ਹੀ ਉੱਚਤਮ ਤੇ ਪਵਿੱਤਰ ਸੀ ਤਾਂ ਬ੍ਰਾਹਮਣਾਂ ਨੇ ਆਪਣੀ ਬਲੀ ਜਾਂ ਆਪਣੇ ਪੁੱਤਰਾਂ ਦੀ ਬਲੀ ਕਿਉਂ ਨਾ ਦਿੱਤੀ। ਗਾਵਾਂ, ਭੇਡਾਂ ਜਾਂ ਬੱਕਰੀਆਂ ਦੇ ਬਦਲੇ ਕਿਸੇ ਗਰੀਬ ਨੌਜੁਆਨ ਨੂੰ ਫ਼ੜ ਲਿਆ ਜਾਂਦਾ ਅਤੇ 'ਸਵਰਗ' ਭੇਜ ਦਿੱਤਾ ਜਾਂਦਾ।

ਅਜਿਹੀਆਂ ਬੁਰਾਈਆਂ ਲਈ ਅੰਗਰੇਜ਼ਾਂ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ। ਹਿੰਦੋਸਤਾਨ ਦੀ ਸੰਸਕ੍ਰਿਤੀ ਦੇ ਗੁਣ ਗਾਏ ਜਾਂਦੇ ਹਨ। ਹਿੰਦੋਸਤਾਨ ਦੀ ਸੰਸਕ੍ਰਿਤੀ ਇਹ ਹੈ ਕਿ ਇਹ ਬੰਦੇ ਨੂੰ ਬੰਦਾ ਨਹੀਂ ਸਮਝਦੀ। ਜਾਨਵਰਾਂ ਅਤੇ ਪਸ਼ੂਆਂ ਤੋਂ ਵੀ ਭੈੜਾ ਸਲੂਕ ਕਰਦੀ ਹੈ। ਇਹ 'ਮਹਾਨ' ਸੰਸਕ੍ਰਿਤੀ ਮਨੁੱਖ ਨੂੰ ਧਰਮ, ਜਾਤਾਂ ਅਤੇ ਲਿੰਗ ਦੇ ਆਧਾਰ ਤੇ ਵੰਡਦੀ ਹੈ ਅਤੇ ਨਫ਼ਰਤ ਕਰਨਾ ਸਿਖਾਉਂਦੀ ਹੈ। ਅੰਗਰੇਜ਼ਾਂ ਨੇ ਬਲੀ ਅਤੇ ਸਤੀ ਵਰਗੀਆਂ ਬੁਰਾਈਆਂ ਨੂੰ ਸਖ਼ਤੀ ਨਾਲ ਖਤਮ ਕੀਤਾ। ਪ੍ਰਚਾਰ ਕੀਤਾ ਜਾਂਦਾ ਹੈ ਕਿ ਪੱਛਮੀ ਸੱਭਿਅਤਾ ਕਰਕੇ ਹੀ ਭਾਰਤੀਆਂ ਦੇ ਆਚਰਣ ਵਿੱਚ ਗਿਰਾਵਟ ਆਈ ਹੈ। ਇਹ ਸਚਾਈ ਨਹੀਂ ਹੈ। ਭਾਰਤੀਆਂ ਦੇ ਆਚਰਣ ਵਿੱਚ ਗਿਰਾਵਟ ਹੋਣ ਕਾਰਨ ਹੀ ਭਾਰਤ ਹਮਲਾਵਰਾਂ ਦਾ ਸ਼ਿਕਾਰ ਰਿਹਾ। ਗ੍ਰੰਥ ਰਚਣ ਵਾਲਿਆਂ ਜਿਹੜੀ ਸੰਸਕ੍ਰਿਤੀ ਤੇ ਰਾਜ ਪ੍ਰਬੰਧ ਦਿੱਤਾ, ਦੇ ਕਾਰਨ ਹੀ ਹਮਲਾਵਰ ਭਾਰਤ ਨੂੰ ਲੁਟਦੇ ਰਹੇ। ਅੰਗਰੇਜ਼ ਵੀ ਇਨ੍ਹਾਂ ਦੀ ਨਲਾਇਕੀ ਕਾਰਨ ਹੀ 200 ਸਾਲ ਇਥੋਂ ਦੇ ਮਾਲਕ ਬਣੇ ਰਹੇ। ਦੇਸ਼ ਨੂੰ ਲੁਟਦੇ ਰਹੇ। ਇਥੋਂ ਦੀ ਧਾਰਮਿਕ ਅਤੇ ਫ਼ਿਰਕੂ ਜ਼ਹਿਨੀਅਤ ਦਾ ਫਾਇਦਾ ਲੈਂਦੇ ਰਹੇ। ਲੋਕਾਂ ਨੂੰ ਧਰਮ ਦੇ ਆਧਾਰ ਤੇ ਲੜਾਉਂਦੇ ਰਹੇ ਤੇ ਆਪ ਰਾਜ ਕਰਦੇ ਰਹੇ। ਦੇਸ਼ ਦੀ ਵੰਡ ਵੀ ਅੰਗਰੇਜ਼ ਫ਼ਿਰਕੂ ਜ਼ਹਿਨੀਅਤ ਕਾਰਨ ਹੀ ਕਰਵਾ ਗਏ। ਇਹ ਅਖੌਤੀ ਸਰਵ ਸ਼੍ਰੇਸ਼ਠ ਅਤੇ ਅਖੌਤੀ ਉੱਚ ਕੁੱਲ ਵਾਲੇ ਹੀ

ਸਨ ਜਿਨ੍ਹਾਂ ਧਰਮ ਦੇ ਨਾਂ 'ਤੇ ਵੱਡੀਆਂ ਠੱਗੀਆਂ ਮਾਰੀਆਂ ਅਤੇ ਮਾਰ ਰਹੇ ਹਨ। ਧਰਮ ਦੇ ਨਾਂ ਤੇ ਗਿਆਨ ਦੀ ਥਾਂ ਅਗਿਆਨਤਾ ਦਾ ਪ੍ਰਚਾਰ ਕਰ ਰਹੇ ਹਨ।

ਬਲੀ ਪ੍ਰੰਪਰਾ ਬੀਤੇ ਦੀਆਂ ਗੱਲਾਂ ਨਹੀਂ ਰਹਿ ਗਈਆਂ। ਸਗੋਂ ਅੱਜ ਵੀ ਆਏ ਦਿਨ ਅਖ਼ਬਾਰਾਂ ਵਿੱਚ ਬਲੀ ਦੇਣ ਦੀਆਂ ਦਿਲ ਕੰਬਾਊ ਘਟਨਾਵਾਂ ਪੜ੍ਹਨ ਨੂੰ ਮਿਲਦੀਆਂ ਹਨ। ਇਹ ਸਾਰਾ ਪ੍ਰਤਾਪ ਹਿੰਦੋਸਤਾਨੀ ਸੰਸਕ੍ਰਿਤੀ ਦਾ ਹੀ ਹੈ ਜਿਹੜੇ ਦੁਨੀਆਂ ਭਰ ਵਿੱਚ ਸੋਹਲੇ ਗਾਉਂਦੇ ਫ਼ਿਰਦੇ ਹਨ। ਕੋਈ ਹੀ ਅਜਿਹਾ ਦਿਨ ਹੋਏਗਾ ਜਿਸ ਦਿਨ ਭਾਰਤ ਵਿੱਚ ਬਲੀ ਨਹੀਂ ਦਿੱਤੀ ਜਾਂਦੀ। ਪੰਜਾਬ ਵਰਗੇ ਵਿਕਸਿਤ ਪ੍ਰਾਂਤ ਵਿੱਚ ਵੀ ਦਿਲ ਕੰਬਾਊ ਘਟਨਾਵਾਂ ਹੁੰਦੀਆਂ ਹੀ ਰਹਿੰਦੀਆਂ ਹਨ। ਦੁਨੀਆਂ ਨੇ ਕਲੋਨ ਵਰਗੀਆਂ ਖੋਜਾਂ ਕਰ ਲਈਆਂ ਹਨ ਪਰ ਅੱਜ ਵੀ ਪੁੱਤਰ ਪ੍ਰਾਪਤੀ ਲਈ ਦੂਜੇ ਬਾਲ ਦੀ ਬਲੀ ਬੜੇ ਮਾਣ ਨਾਲ ਦਿੱਤੀ ਜਾਂਦੀ ਹੈ।